# Prime Minister's Telephone Conversation with Crown Prince Mohd. Bin Salman of Saudi Arabia

**March 17, 2020**

**………………………………………………………………………………………………**

## ਸਊਦੀ ਅਰਬ ਦੇ ਯੁਵਰਾਜ ਮੁਹੰਮਦ ਬਿਨ ਸੁਲਮਾਨ ਨਾਲ ਪ੍ਰਧਾਨ ਮੰਤਰੀ ਦੀ ਟੈਲੀਫੋਨ 'ਤੇ ਗੱਲਬਾਤ

17 ਮਾਰਚ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਸਊਦੀ ਅਰਬ ਕਿੰਗਡਮ ਦੇ ਯੁਵਰਾਜ ਹਿਜ਼ ਹਾਈਨੈੱਸ ਮੁਹੰਮਦ ਬਿਨ ਸੁਲਮਾਨ ਨਾਲ ਟੈਲੀਫੋਨ ਰਾਹੀਂ ਗੱਲਬਾਤ ਕੀਤੀ। ਦੋਵਾਂ ਨੇਤਾਵਾਂ ਨੇ ਕੌਵਿਡ - 19 ਮਹਾਂਮਾਰੀ ਬਾਰੇ ਆਲਮੀ ਹਾਲਾਤ 'ਤੇ ਵਿਚਾਰ ਵਟਾਂਦਰੇ ਕੀਤੇ।

ਪ੍ਰਧਾਨ ਮੰਤਰੀ ਨੇ ਇਸ ਕੌਮਾਂਤਰੀ ਚੁਣੌਤੀ ਨਾਲ ਚੰਗੀ ਤਰਾਂ ਨਜਿੱਠਣ ਲਈ ਤਾਲਮੇਲ ਕਰਕੇ ਜਤਨ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ, ਜਿਸ ਨਾਲ ਨਾ ਸਿਰਫ ਲੱਖਾਂ ਲੋਕਾਂ ਦੀ ਸਿਹਤ ਅਤੇ ਤੰਦਰੁਸਤੀ 'ਤੇ ਅਸਰ ਪਿਆ ਹੈ, ਬਲਕਿ ਇਸ ਨਾਲ ਦੁਨੀਆਂ ਦੇ ਕਈ ਹਿੱਸਿਆਂ ਵਿਚ ਅਰਥ ਵਿਵਸਥਾ 'ਤੇ ਵੀ ਮਾੜਾ ਪ੍ਰਭਾਵ ਪੈਣ ਦਾ ਖ਼ਤਰਾ ਹੈ।

ਇਸ ਪ੍ਰਸੰਗ 'ਚ ਪ੍ਰਧਾਨ ਮੰਤਰੀ ਨੇ ਸਾਰਕ ਦੇਸ਼ਾਂ ਵਿਚਾਲੇ ਵੀਡੀਓ ਕਾਨਫਰੰਸ ਕਰਾਉਣ ਸੰਬੰਧੀ ਭਾਰਤ ਦੀ ਹਾਲੀਆ ਪਹਿਲ ਦਾ ਜ਼ਿਕਰ ਕੀਤਾ।

ਦੋਵੇਂ ਨੇਤਾ ਇਸ ਗੱਲ 'ਤੇ ਸਹਿਮਤ ਸਨ ਕਿ G-20 ਦੇ ਪ੍ਰਧਾਨ ਹੋਣ ਦੇ ਨਾਤੇ ਸਊਦੀ ਅਰਬ ਦੀ ਸਰਪ੍ਰਸਤੀ ਵਿਚ G - 20 ਆਗੂਆਂ ਦੇ ਪੱਧਰ 'ਤੇ ਅਜਿਹਾ ਅਭਿਆਸ ਕੋਵਿਡ-19 ਦੇ ਦੁਨੀਆਂ 'ਚ ਫੈਲਣ ਤੋਂ ਪੈਦਾ ਹੋਈਆਂ ਚੁਣੌਤੀਆਂ ਦਾ ਹੱਲ ਕਰਨ ਲਈ ਵਿਸ਼ੇਸ਼ ਉਪਾਵਾਂ 'ਤੇ ਵਿਚਾਰ ਵਟਾਂਦਰੇ ਕਰਨ ਅਤੇ ਦੁਨੀਆਂ 'ਚ ਰਹਿੰਦੇ ਲੋਕਾਂ ਅੰਦਰ ਭਰੋਸਾ ਜਗਾਉਣ ਲਈ ਦੁਨੀਆਂ ਦੇ ਪੱਧਰ 'ਤੇ ਲਾਹੇਵੰਦ ਹੋਏਗਾ.

ਪ੍ਰਧਾਨ ਮੰਤਰੀ ਅਤੇ ਯੁਵਰਾਜ ਨੇ ਫੈਸਲਾ ਕੀਤਾ ਕਿ ਉਨ੍ਹਾਂ ਦੇ ਅਧਿਕਾਰੀ ਇਸ ਬਾਰੇ ਨੇੜਲਾ ਸੰਪਰਕ ਬਣਾਈ ਰੱਖਣਗੇ।

ਨਵੀਂ ਦਿੱਲੀ
17 ਮਾਰਚ, 2020

DISCLAIMER : This is an approximate translation. The original is available in English on MEA's website and may be referred to as the official press release.